REPRESENTATIVE FOR CHILDREN AND YOUTH
ਰੈਪਰੇਜ਼ਿਨਟੇਟਿਵ ਫਾਰ ਚਿਲਡਰਨ ਐਂਡ ਯੂਥ

# ਨਿਗਰਾਨੀ ਕਰਨਾ ਤੱਥ ਸ਼ੀਟ

## ਟੀਚਾ

ਪ੍ਰੋਗਰਾਮ ਦੇਣ ਅਤੇ ਨਤੀਜਿਆਂ ਵਿਚ ਸੁਧਾਰ ਕਰਨ ਲਈ, ਨੁਕਸਾਨ ਦੀ ਜ਼ਦ ਵਿਚ ਆ ਸਕਣ ਵਾਲੇ ਬੱਚਿਆਂ ਅਤੇ ਜਵਾਨਾਂ ਲਈ ਸਰਕਾਰ ਦੇ ਫੰਡਾਂ ਨਾਲ ਮਿਲਣ ਵਾਲੀਆ ਸੇਵਾਵਾਂ ਦੀ ਪੜਚੋਲ ਕਰਨਾ।

## ਨਿਗਰਾਨੀ ਕਰਨ ਵਾਲੀ ਟੀਮ:

- ਨੁਕਸਾਨ ਦੀ ਜ਼ਦ ਵਿਚ ਆ ਸਕਣ ਵਾਲੇ ਬੱਚਿਆਂ ਅਤੇ ਜਵਾਨਾਂ ਦੀ ਭਲਾਈ ਵਿਚ ਮਦਦ ਕਰਨ ਲਈ ਨਿਯਤ ਪ੍ਰੋਗਰਾਮਾਂ ਅਤੇ ਸੇਵਾਵਾਂ ਦਾ ਮੁਲਾਂਕਣ ਕਰਦੀ ਹੈ
- ਸੰਬੰਧਿਤ ਖੋਜ ਅਤੇ ਵਿਸ਼ਲੇਸ਼ਣ ਕਰਦੀ ਹੈ।

## ਅਸੀਂ ਕਿਸ ਚੀਜ਼ ਦੀ ਨਿਗਰਾਨੀ ਰੱਖਦੇ ਹਾਂ?

- *ਅਡਾਪਸ਼ਨ ਐਕਟ, ਚਾਇਲਡ, ਫੈਮਿਲੀ ਐਂਡ ਕਮਿਊਨਟੀ ਸਰਵਿਸ ਐਕਟ* ਅਤੇ *ਯੂਥ ਜਸਟਿਸ ਐਕਟ* ਹੇਠ ਸੇਵਾਵਾਂ ਜਾਂ ਪ੍ਰੋਗਰਾਮ
- ਅਰਲੀ ਚਾਇਲਡਹੁੱਡ ਡਿਵੈਲਪਮੈਂਟ ਜਾਂ ਚਾਇਲਡ ਕੇਅਰ ਦੀਆਂ ਸੇਵਾਵਾਂ
- ਬੱਚਿਆਂ ਅਤੇ ਜਵਾਨਾਂ ਲਈ ਮਾਨਸਿਕ ਸਿਹਤ ਅਤੇ ਨਸ਼ਿਆਂ ਦੀ ਵਰਤੋਂ ਦੀਆਂ ਸੇਵਾਵਾਂ
- ਖਾਸ ਲੋੜਾਂ ਵਾਲੇ ਬੱਚਿਆਂ ਅਤੇ ਜਵਾਨਾਂ ਲਈ ਸੇਵਾਵਾਂ
- *ਰੈਪਰੇਜ਼ਿਨਟੇਟਿਵ ਫਾਰ ਚਿਲਡਰਨ ਐਂਡ ਯੂਥ ਐਕਟ* ਹੇਠ ਨਿਯਮਬੱਧ ਹੋਰ ਸੇਵਾਵਾਂ ਜਾਂ ਪ੍ਰੋਗਰਾਮ।

## ਅਸੀਂ ਇਹ ਕਿਵੇਂ ਕਰਦੇ ਹਾਂ?

- ਸੇਵਾਵਾਂ ਦਾ ਮੁਲਾਂਕਣ ਕਰਦੇ ਹਾਂ ਤਾਂ ਜੋ ਇਹ ਪੱਕਾ ਹੋਵੇ ਕਿ ਇਹ ਅਸਰਦਾਰ ਅਤੇ ਜਵਾਬਦੇਹ ਹਨ।
- ਨੁਕਸਾਨ ਦੀ ਜ਼ਦ ਵਿਚ ਆਉਣ ਵਾਲੇ ਬੱਚਿਆਂ ਅਤੇ ਜਵਾਨਾਂ ਵਾਸਤੇ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਸਰਕਾਰੀ ਸੇਵਾਵਾਂ ਦੇਣ ਵਾਲਿਆਂ ਅਤੇ ਇਨ੍ਹਾਂ ਦੇ ਹਿੱਸੇਦਾਰਾਂ ਨੂੰ ਸਿਫਾਰਸ਼ਾਂ ਕਰਦੇ ਹਾਂ।
- ਇਸ ਚੀਜ਼ ਨੂੰ ਬਿਹਤਰ ਸਮਝਣ ਲਈ ਨੁਕਸਾਨ ਦੀ ਜ਼ਦ ਵਿਚ ਆਉਣ ਵਾਲੇ ਬੱਚਿਆਂ ਅਤੇ ਜਵਾਨਾਂ ਦੀ ਭਲਾਈ ਬਾਰੇ ਖੋਜ ਕਰਦੇ ਹਾਂ ਕਿ ਇਸ ਨੂੰ ਬਿਹਤਰ ਕਿਵੇਂ ਬਣਾਇਆ ਜਾ ਸਕਦਾ ਹੈ।
- ਇਹ ਨਿਗਰਾਨੀ ਕਰਦੇ ਹਾਂ ਕਿ ਬੱਚਿਆਂ ਅਤੇ ਜਵਾਨਾਂ ਲਈ ਸੇਵਾਵਾਂ ਅਤੇ ਸਿਸਟਮ ਆਰ ਸੀ ਵਾਈ ਦੀਆਂ ਸਿਫਾਰਸ਼ਾਂ ਨੂੰ ਕਿਵੇਂ ਅਪਣਾ ਰਹੇ ਹਨ।

## ਅਸੀਂ ਰਿਪੋਰਟ ਕਿਵੇਂ ਕਰਦੇ ਹਾਂ?

### ਬੱਚਿਆਂ ਅਤੇ ਜਵਾਨਾਂ ਲਈ ਰੈਪਰੇਜ਼ਿਨਟੇਟਿਵ:

- ਨਿਗਰਾਨੀ ਅਤੇ ਮੁਲਾਂਕਣ ਦੀਆਂ ਸਰਗਰਮੀਆਂ ਬਾਰੇ ਜਨਤਕ ਤੌਰ 'ਤੇ ਰਿਪੋਰਟ ਦਿੰਦਾ ਹੈ ਜਿਸ ਵਿਚ ਆਰ ਸੀ ਵਾਈ ਦੀਆਂ ਸਿਫਾਰਸ਼ਾਂ ਦੀ ਸਥਿਤੀ ਵੀ ਸ਼ਾਮਲ ਹੈ।

### ਇਸ ਵਿਚ ਸ਼ਾਮਲ ਹੈ:

- ਮਿੱਥੇ ਸਮਿਆਂ 'ਤੇ ਪੜਚੋਲਾਂ ਜੋ ਕਿ ਨੁਕਸਾਨ ਦੀ ਜ਼ਦ ਵਿਚ ਆ ਸਕਣ ਵਾਲੇ ਬੱਚਿਆਂ ਅਤੇ ਜਵਾਨਾਂ ਨੂੰ ਮਿਲਣ ਵਾਲੀਆਂ ਸੇਵਾਵਾਂ ਦੇ ਖਾਸ ਪੱਖਾਂ 'ਤੇ ਕੇਂਦਰਿਤ ਹੁੰਦੀਆਂ ਹਨ ਜਿਵੇਂ ਕਿ ਮਾਨਸਿਕ ਸਿਹਤ, ਨਸ਼ਿਆਂ ਦੀ ਵਰਤੋਂ, ਗੋਦ ਲੈਣਾ, ਜਵਾਨਾਂ ਲਈ ਇਨਸਾਫ ਅਤੇ ਬੱਚਿਆਂ ਦੀ ਭਲਾਈ
- ਬੱਚਿਆਂ ਅਤੇ ਜਵਾਨਾਂ ਨੂੰ ਸੇਵਾਵਾਂ ਦੇਣ ਵਾਲੇ ਸਿਸਟਮ ਬਾਰੇ ਵਿਆਪਕ ਖੋਜ ਰਿਪੋਰਟਾਂ।

ਮੁੱਖ ਦਫਤਰ
Suite 400, 1019 Wharf Street
Victoria, B.C.
V8W 2Y9
ਮੁੱਖ ਦਫਤਰ: 250-356-6710

ਟੋਲ ਫ੍ਰੀ: 1-800-476-3933
ਟੈਕਸਟ: 1-778-404-7161
ਫੈਕਸ: 250-356-0837
ਈਮੇਲ: rcy@rcybc.ca
ਵੈੱਬਸਾਈਟ: www.rcybc.ca

rcybc
rcybcyouth
@rcybc
@rcybcyouth
rcybcyouth

ਪਿਛੋਕੜ ਦਾ ਆਰਟ ਜੌਰਡਨ ਵਿਲੀਅਮਜ਼ ਵਲੋਂ